# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਜਵਾਨ ਪੀੜਿਤਾਂ ਅਤੇ ਗਵਾਹਾਂ ਲਈ ਗਵਾਹੀ ਦੇਣ ਨੂੰ ਸੌਖਾ ਬਣਾਉਣ ਬਾਰੇ ਜਾਣਕਾਰੀ

### ਕੀ ਕਰਿਮੀਨਲ ਕੋਰਟ ਵਿਚ ਗਵਾਹੀ ਦੇਣ ਵਾਲੇ ਜਵਾਨ ਪੀੜਿਤਾਂ ਅਤੇ ਗਵਾਹਾਂ ਲਈ ਕੋਈ ਖਾਸ ਰਖਵਾਲੀਆਂ ਉਪਲਬਧ ਹਨ?

ਕੈਨੇਡੀਅਨ ਕਰਿਮੀਨਲ ਲਾਅ ਇਹ ਮੰਨਦਾ ਹੈ ਕਿ ਕਰਿਮੀਨਲ ਜਸਟਿਸ ਸਿਸਟਮ ਵਿਚ ਹਿੱਸਾ ਲੈਣਾ ਜਵਾਨ ਪੀੜਿਤਾਂ ਅਤੇ ਗਵਾਹਾਂ ਲਈ ਬਹੁਤ ਡਰਾਉਣਾ ਹੋ ਸਕਦਾ ਹੈ। ਅਠਾਰਾਂ ਸਾਲ ਤੋਂ ਘੱਟ ਉਮਰ ਦੇ ਜਵਾਨ ਪੀੜਿਤਾਂ ਅਤੇ ਗਵਾਹਾਂ ਲਈ ਆਪਣੀ ਗਵਾਹੀ ਦੇਣ ਨੂੰ ਸੌਖਾ ਬਣਾਉਣ ਲਈ *ਕਰਿਮੀਨਲ ਕੋਡ* ਵਿਚ ਕਈ ਪ੍ਰਬੰਧ ਕੀਤੇ ਹੋਏ ਹਨ:

- ਜਵਾਨ ਪੀੜਿਤ ਅਤੇ ਗਵਾਹ ਕਲੋਜ਼ਡ-ਸਰਕਟ ਟੀ ਵੀ ਰਾਹੀਂ ਅਦਾਲਤ ਤੋਂ ਬਾਹਰ ਗਵਾਹੀ ਦੇ ਸਕਦੇ ਹਨ ਜਾਂ ਪਰਦੇ ਪਿੱਛੇ ਗਵਾਹੀ ਦੇ ਸਕਦੇ ਹਨ ਜਿਸ ਨਾਲ ਗਵਾਹ ਕਥਿਤ ਦੋਸ਼ੀ ਨੂੰ ਦੇਖ ਨਹੀਂ ਸਕੇਗਾ।
- ਜਵਾਨ ਪੀੜਿਤਾਂ ਅਤੇ ਗਵਾਹਾਂ ਦੇ ਗਵਾਹੀ ਦੇਣ ਵੇਲੇ ਮਦਦ ਕਰਨ ਵਾਲੀ ਕੋਈ ਵਿਅਕਤੀ ਨਾਲ ਹੋ ਸਕਦਾ ਹੈ ਤਾਂ ਜੋ ਉਨ੍ਹਾਂ ਨੂੰ ਜ਼ਿਆਦਾ ਆਰਾਮਦੇਹ ਰੱਖਿਆ ਜਾ ਸਕੇ।
- ਜਵਾਨ ਪੀੜਿਤਾਂ ਅਤੇ ਗਵਾਹਾਂ ਨਾਲ ਸੰਬੰਧਿਤ ਅਦਾਲਤ ਦੀ ਸਾਰੀ ਕਾਰਵਾਈ ਜਾਂ ਕਾਰਵਾਈ ਦੇ ਕਿਸੇ ਹਿੱਸੇ ਵਿੱਚੋਂ ਪਬਲਿਕ ਦੇ ਸਾਰੇ ਜਾਂ ਕੁਝ ਮੈਂਬਰਾਂ ਨੂੰ ਅਦਾਲਤ ਵਿੱਚੋਂ ਜਾਣ ਲਈ ਕਿਹਾ ਜਾ ਸਕਦਾ ਹੈ।
- ਜੇ ਕਥਿਤ ਦੋਸ਼ੀ ਆਪਣੀ ਨੁਮਾਇੰਦਗੀ ਆਪ ਕਰ ਰਿਹਾ ਹੋਵੇ ਤਾਂ ਜਵਾਨ ਗਵਾਹਾਂ ਤੋਂ ਸਵਾਲ ਪੁੱਛਣ ਵੇਲੇ ਕਿਸੇ ਵਕੀਲ ਨੂੰ ਨਿਯੁਕਤ ਕੀਤਾ ਜਾ ਸਕਦਾ ਹੈ।
- ਕਿਸੇ ਵੀ ਅਜਿਹੀ ਜਾਣਕਾਰੀ ਦੇ ਛਪਣ, ਪ੍ਰਸਾਰਤ ਹੋਣ ਜਾਂ ਸੰਚਾਰ ਹੋਣ ਤੋਂ ਰੋਕਥਾਮ ਕਰਨ ਲਈ ਪਬਲੀਕੇਸ਼ਨ ਬੈਨ ਦਾ ਆਰਡਰ ਕੀਤਾ ਜਾ ਸਕਦਾ ਹੈ ਜਿਹੜੀ ਕਿਸੇ ਪੀੜਿਤ ਜਾਂ ਗਵਾਹ ਦੀ ਪਛਾਣ ਕਰ ਸਕਦੀ ਹੋਵੇ।
- ਜੇ ਕੁਝ ਖਾਸ ਪੂਰਵ-ਸ਼ਰਤਾਂ ਪੂਰੀਆਂ ਹੁੰਦੀਆਂ ਹੋਣ ਤਾਂ ਜਵਾਨ ਪੀੜਿਤਾਂ ਅਤੇ ਗਵਾਹਾਂ ਦੀ ਵੀਡਿਓਟੇਪ ਕੀਤੀ ਗਈ ਪੜਤਾਲੀਆ ਇੰਟਰਵਿਊ ਨੂੰ ਉਨ੍ਹਾਂ ਦੀ ਸਿੱਧੀ ਗਵਾਹੀ ਦੇ ਹਿੱਸੇ ਵਜੋਂ ਪੇਸ਼ ਕੀਤਾ ਜਾ ਸਕਦਾ ਹੈ ਤਾਂ ਜੋ ਗਵਾਹੀ ਵਿਚ ਉਨ੍ਹਾਂ ਨੂੰ ਆਪਣੀ ਸਾਰੀ ਕਹਾਣੀ ਦੁਹਰਾਉਣੀ ਨਾ ਪਵੇ।

### ਅਠਾਰਾਂ ਸਾਲ ਤੋਂ ਘੱਟ ਉਮਰ ਦੇ ਪੀੜਿਤਾਂ ਅਤੇ ਗਵਾਹਾਂ ਦੀ ਰਖਵਾਲੀ ਕਿਵੇਂ ਕੀਤੀ ਜਾਂਦੀ ਹੈ?

ਜਵਾਨ ਪੀੜਿਤ ਜਾਂ ਗਵਾਹ ਜਾਂ ਸਰਕਾਰੀ ਵਕੀਲ, ਜੱਜ ਨੂੰ ਇਨ੍ਹਾਂ ਖਾਸ ਕਦਮਾਂ ਬਾਰੇ ਅਦਾਲਤ ਦੀ ਕਾਰਵਾਈ ਤੋਂ ਪਹਿਲਾਂ ਜਾਂ ਕਾਰਵਾਈ ਦੌਰਾਨ ਕਿਸੇ ਵੇਲੇ ਵੀ ਕਹਿ ਸਕਦਾ ਹੈ।

ਜੱਜ ਲਈ ਇਹ ਰਖਵਾਲੀਆਂ ਪ੍ਰਦਾਨ ਕਰਨਾ ਜ਼ਰੂਰੀ ਹੈ ਪਰ ਜੇ ਉਹ ਇਹ ਯਕੀਨ ਕਰਦਾ ਹੋਵੇ ਕਿ ਇਸ ਨਾਲ ਸਹੀ ਨਿਆਂ ਹੋਣ ਵਿਚ ਦਖ਼ਲਅੰਦਾਜ਼ੀ ਹੋਵੇਗੀ ਤਾਂ ਉਹ ਅਜਿਹਾ ਕਰਨ ਤੋਂ ਨਾਂਹ ਕਰ ਸਕਦਾ ਹੈ, ਉਦਾਹਰਣ ਲਈ, ਜੇ ਇਹ ਕਥਿਤ ਦੋਸ਼ੀ ਦੇ ਨਿਰਪੱਖ ਮੁਕੱਦਮੇ ਦੇ ਹੱਕਾਂ 'ਤੇ ਅਸਰ ਕਰਦਾ ਹੋਵੇ।

### ਕੀ ਕਥਿਤ ਦੋਸ਼ੀ ਇਨ੍ਹਾਂ ਕਦਮਾਂ ਦੀ ਵਰਤੋਂ 'ਤੇ ਇਤਰਾਜ਼ ਕਰ ਸਕਦਾ ਹੈ?

*ਕਰਿਮੀਨਲ ਕੋਡ* ਦੀਆਂ ਸ਼ਰਤਾਂ ਦਾ ਮੰਤਵ ਗਵਾਹੀ ਦੇਣ ਵਾਲੇ ਜਵਾਨ ਪੀੜਿਤਾਂ ਅਤੇ ਗਵਾਹਾਂ ਦੇ ਅਨੁਭਵ ਨੂੰ ਸੁਧਾਰਨ ਦੇ ਨਾਲ ਨਾਲ ਕਥਿਤ ਦੋਸ਼ੀ ਦੇ ਹੱਕਾਂ ਦੀ ਪੂਰੀ ਤਰ੍ਹਾਂ ਰੱਖਿਆ ਕਰਨਾ ਹੈ।

ਜੱਜ, ਕੁਝ ਕੇਸਾਂ ਵਿਚ, ਇਨ੍ਹਾਂ ਖਾਸ ਕਦਮਾਂ ਤੋਂ ਨਾਂਹ ਕਰ ਸਕਦੇ ਹਨ ਜਾਂ ਇਨ੍ਹਾਂ ਨੂੰ ਸੀਮਤ ਕਰ ਸਕਦੇ ਹਨ ਤਾਂ ਜੋ ਇਹ ਪੱਕਾ ਹੋਵੇ ਕਿ ਕਥਿਤ ਦੋਸ਼ੀ ਦੇ ਹੱਕਾਂ ਦੀ ਉਲੰਘਣਾ ਨਹੀਂ ਹੋ ਰਹੀ।

BRITISH COLUMBIA
Ministry of Justice

# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਜਵਾਨ ਪੀੜਿਤਾਂ ਅਤੇ ਗਵਾਹਾਂ ਲਈ ਗਵਾਹੀ ਦੇਣ ਨੂੰ ਸੌਖਾ ਬਣਾਉਣ ਬਾਰੇ ਜਾਣਕਾਰੀ

### ਕੀ ਇਹ ਰਖਵਾਲੀਆਂ ਨਵੀਂਆਂ ਹਨ?

*ਕਰਿਮੀਨਲ ਕੋਡ* ਨੇ ਆਪਣੀ ਗਵਾਹੀ ਦੇਣ ਵਾਲੇ ਜਵਾਨ ਪੀੜਿਤਾਂ ਅਤੇ ਗਵਾਹਾਂ ਦੀ ਮਦਦ ਲਈ ਇਹ ਧਾਰਾਵਾਂ 1988 ਤੋਂ ਸ਼ਾਮਲ ਕੀਤੀਆਂ ਹੋਈਆਂ ਹਨ। ਇਨ੍ਹਾਂ ਧਾਰਾਵਾਂ ਵਿਚ ਤਾਜ਼ਾ ਸੋਧ 2006 ਵਿਚ ਕੀਤੀ ਗਈ ਸੀ ਤਾਂ ਜੋ ਜਵਾਨ ਪੀੜਿਤਾਂ ਅਤੇ ਗਵਾਹਾਂ ਲਈ ਇਨ੍ਹਾਂ ਰਖਵਾਲੀਆਂ ਤੋਂ ਫਾਇਦਾ ਲੈਣਾ ਸੌਖਾ ਹੋਵੇ ਅਤੇ ਅਜਿਹਾ ਇਸ ਕਰਕੇ ਕੀਤਾ ਗਿਆ ਸੀ:

- ਸਾਰੇ ਕੇਸਾਂ ਵਿਚ ਜਵਾਨ ਪੀੜਿਤਾਂ ਅਤੇ ਗਵਾਹਾਂ ਲਈ ਅਰਜ਼ੀ ਕਰਨ 'ਤੇ ਇਹ ਰਖਵਾਲੀਆਂ ਉਪਲਬਧ ਕਰਵਾ ਕੇ। ਪਹਿਲਾਂ ਇਹ ਸਿਰਫ ਕੁਝ ਖਾਸ ਕੇਸਾਂ ਵਿਚ ਹੀ ਉਪਲਬਧ ਸਨ, ਜਿਵੇਂ ਕਿ ਕਾਮੁਕ ਅਤੇ ਖਾਸ ਕਿਸਮ ਦੇ ਹਿੰਸਕ ਜੁਰਮਾਂ ਦੇ ਸਬੰਧ ਵਿਚ।
- ਇਹ ਯਕੀਨੀ ਬਣਾ ਕੇ ਕਿ ਪਬਲੀਕੇਸ਼ਨ ਬੈਨ ਦੀਆਂ ਧਾਰਾਵਾਂ ਟੈਕਨੋਲੋਜੀ ਦੇ ਅਡਵਾਂਸ ਹੋਣ ਨਾਲ ਵੀ ਲਾਗੂ ਰਹਿਣ ਅਤੇ ਅਜਿਹਾ ਇਹ ਸਪਸ਼ਟ ਕਰਕੇ ਕੀਤਾ ਜਾਂਦਾ ਹੈ ਕਿ ਉਹ ਕਿਸੇ ਵੀ ਅਜਿਹੀ ਜਾਣਕਾਰੀ ਦੇ ਛਪਣ, ਪ੍ਰਸਾਰਤ ਹੋਣ ਜਾਂ ਸੰਚਾਰ ਹੋਣ ਤੋਂ ਰੋਕਥਾਮ ਕਰਦੀਆਂ ਹਨ ਜਿਹੜੀ ਕਿਸੇ ਪੀੜਿਤ ਜਾਂ ਗਵਾਹ ਦੀ ਪਛਾਣ ਕਰ ਸਕਦੀ ਹੋਵੇ।
- ਜਵਾਨ ਪੀੜਿਤਾਂ ਨੂੰ ਇਸ ਚੀਜ਼ ਦੀ ਜ਼ਿਆਦਾ ਨਿਸ਼ਚਿਤਤਾ ਪ੍ਰਦਾਨ ਕਰਕੇ ਕਿ ਗਵਾਹੀ ਵਿਚ ਉਨ੍ਹਾਂ ਦੀ ਮਦਦ ਕੀਤੀ ਜਾਵੇਗੀ। ਅਠਾਰਾਂ ਸਾਲ ਤੋਂ ਘੱਟ ਉਮਰ ਦੇ ਪੀੜਿਤਾਂ ਅਤੇ ਗਵਾਹਾਂ ਤੋਂ ਇਹ ਸਾਬਤ ਕਰਨ ਦੀ ਮੰਗ ਨਹੀਂ ਕੀਤੀ ਜਾਵੇਗੀ ਕਿ ਆਰਡਰ ਜ਼ਰੂਰੀ ਹੈ – ਇਹ ਪੀੜਿਤ ਜਾਂ ਸਰਕਾਰੀ ਵਕੀਲ ਵਲੋਂ ਅਰਜ਼ੀ ਦੇਣ ਨਾਲ ਕਰ ਦਿੱਤਾ ਜਾਵੇਗਾ।

**ਕਿਰਪਾ ਕਰਕੇ ਨੋਟ ਕਰੋ:** *ਇਹ ਪੈਂਫਲਿਟ ਸਿਰਫ ਆਮ ਜਾਣਕਾਰੀ ਦਿੰਦਾ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ।*

### ਜਵਾਨ ਪੀੜਿਤਾਂ ਅਤੇ ਗਵਾਹਾਂ ਲਈ ਗਵਾਹੀ ਦੇਣ ਨੂੰ ਸੌਖਾ ਬਣਾਉਣ ਲਈ ਕੀ ਕੈਨੇਡਾ ਦੇ ਕਾਨੂੰਨ ਵਿਚ ਹੋਰ ਸੁਧਾਰ ਵੀ ਕੀਤੇ ਗਏ ਹਨ?

*ਕੈਨੇਡਾ ਐਵੀਡੈਂਸ ਐਕਟ* ਵਿਚ ਵੀ ਸੋਧ ਕੀਤੀ ਗਈ ਹੈ ਜਿਸ ਦਾ ਮੰਤਵ ਚੌਦਾਂ ਸਾਲ ਤੋਂ ਘੱਟ ਉਮਰ ਦੇ ਉਨ੍ਹਾਂ ਛੋਟੇ ਗਵਾਹਾਂ ਨੂੰ, ਜਿਹੜੇ ਸਵਾਲ ਸਮਝ ਸਕਦੇ ਹੋਣ ਅਤੇ ਜਵਾਬ ਦੇ ਸਕਦੇ ਹੋਣ, ਸੱਚ ਬੋਲਣ ਦੇ ਵਾਅਦੇ ਨਾਲ ਗਵਾਹੀ ਦੇਣ ਦੀ ਆਗਿਆ ਦੇਣਾ ਹੈ। ਇਹ ਤਬਦੀਲੀਆਂ ਲਾਜ਼ਮੀ ਸਮਰੱਥਾ ਅਤੇ ਸਹੁੰ ਚੁੱਕ ਕੇ ਇਨਕੁਆਰੀਆਂ ਦੇ ਜਵਾਬ ਦੇਣ ਨੂੰ ਖਤਮ ਕਰ ਦੇਣਗੀਆਂ ਜਿਸ ਨਾਲ ਬੱਚੇ ਗਵਾਹਾਂ ਨੂੰ ਜ਼ਿਆਦਾ ਸਦਮਾ ਪਹੁੰਚਦਾ ਸੀ।

### ਜ਼ਿਆਦਾ ਜਾਣਕਾਰੀ ਕਿੱਥੇ ਉਪਲਬਧ ਹੈ?

ਜੇ ਤੁਸੀਂ ਜਾਂ ਤੁਹਾਨੂੰ ਜਾਣਦਾ ਕੋਈ ਕਿਸੇ ਜੁਰਮ ਦਾ ਸ਼ਿਕਾਰ ਹੋਏ ਹੋ ਤਾਂ ਮਦਦ ਮੌਜੂਦ ਹੈ। ਪੀੜਿਤਾਂ ਨੂੰ ਸੇਵਾਵਾਂ ਦੇਣ ਦੇ ਪ੍ਰੋਗਰਾਮ ਬ੍ਰਿਟਿਸ਼ ਕੋਲੰਬੀਆ ਭਰ ਵਿਚ ਉਪਲਬਧ ਹਨ ਅਤੇ ਜੇ ਤੁਹਾਨੂੰ ਮਦਦ, ਜਾਣਕਾਰੀ ਜਾਂ ਹੋਰ ਸਹਾਇਤਾ ਦੀ ਲੋੜ ਹੋਵੇ ਤਾਂ ਵਿਕਟਿਮ ਸਰਵਿਸ ਵਰਕਰ ਮਦਦ ਕਰ ਸਕਦੇ ਹਨ।

ਆਪਣੇ ਇਲਾਕੇ ਵਿਚਲੇ ਕਿਸੇ ਵਿਕਟਿਮ ਸਰਵਿਸ ਪ੍ਰੋਗਰਾਮ ਦਾ ਪਤਾ ਲਾਉਣ ਲਈ ਵਿਕਟਿਮਲਿੰਕ ਬੀ ਸੀ ਨੂੰ 1-800-563-0808 'ਤੇ ਫੋਨ ਕਰੋ।

ਵਿਕਟਿਮਲਿੰਕ ਬੀ ਸੀ ਇਕ ਮੁਫਤ, ਬਹੁਭਾਸ਼ਾਈ, ਗੁਪਤ ਟੈਲੀਫੋਨ ਸਰਵਿਸ ਹੈ ਜੋ ਕਿ ਬੀ.ਸੀ. ਅਤੇ ਯੂਕੋਨ ਵਿਚ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ ਉਪਲਬਧ ਹੈ ਜੋ ਕਿ ਜੁਰਮਾਂ ਦੇ ਸ਼ਿਕਾਰ ਸਾਰੇ ਲੋਕਾਂ ਲਈ ਜਾਣਕਾਰੀ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਪਰਿਵਾਰਕ ਅਤੇ ਕਾਮੁਕ ਹਿੰਸਾ ਤੋਂ ਪੀੜਿਤਾਂ ਲਈ ਸੰਕਟ ਵਿਚ ਫੌਰੀ ਸਹਾਇਤਾ ਦਿੰਦੀ ਹੈ।

ਵਿਕਟਿਮਲਿੰਕ ਬੀ ਸੀ ਨਾਲ 1-800-563-0808 'ਤੇ ਸੰਪਰਕ ਕਰੋ (ਬੀ.ਸੀ. ਅਤੇ ਯੂਕੋਨ ਵਿਚ ਮੁਫਤ)। 604-875-0885 'ਤੇ ਟੀ ਟੀ ਵਾਈ ਨੂੰ ਫੋਨ ਕਰੋ; ਕੋਲੈਕਟ ਕਾਲ ਕਰਨ ਲਈ ਕਿਰਪਾ ਕਰਕੇ ਟੈਲਅੱਸ ਰੀਲੇਅ ਸਰਵਿਸ ਨੂੰ 711 'ਤੇ ਫੋਨ ਕਰੋ। 604-836-6381 'ਤੇ ਟੈਕਸਟ ਕਰੋ।

ਈਮੇਲ: VictimLinkBC@bc211.ca

ਵੈੱਬਸਾਈਟ: www.victimlinkbc.ca

BRITISH COLUMBIA
www.gov.bc.ca